# ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਉਤਸਵ ਵਿੱਚ ਸ਼ਾਮਲ ਹੋਈ ਸੰਗਤ ਨੇ ਪਿਛਲੀਆਂ ਸਾਰੀਆਂ ਸ਼ਤਾਬਦੀਆਂ ਦੇ ਰਿਕਾਰਡ ਤੋੜ ਦਿੱਤੇ


ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਸਮਾਗਮ ਦੌਰਾਨ ਗੁਰੂ ਸਾਹਿਬ ਦੀ ਤਸਵੀਰ ਨੂੰ ਸ਼ਰਧਾ ਨਾਲ ਦੇਖਦੇ ਹੋਏ, ਉਨ੍ਹਾਂ ਨਾਲ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ।

ਪਟਨਾ ਸਾਹਿਬ/ਬਿਓਰੋ - ਐਂਤਕੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ 350ਵੇਂ ਪ੍ਰਕਾਸ਼ ਉਤਸਵ ਮੌਕੇ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਵਿੱਚ ਸ਼ਾਮਲ ਹੋਈ ਸੰਗਤ ਨੇ ਪਿਛਲੀਆਂ ਸਾਰੀਆਂ ਸ਼ਤਾਬਦੀਆਂ ਦੇ ਰਿਕਾਰਡ ਤੋੜ ਦਿੱਤੇ ਹਨ।

ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਵਿੱਚ ਸਵੇਰ ਵੇਲੇ ਧਾਰਮਿਕ ਮਰਿਆਦਾ ਨਿਭਾਉਣ ਮਗਰੋਂ ਤਖ਼ਤ ਤੋਂ ਗਿਆਨੀ ਇਕਬਾਲ ਸਿੰਘ ਨੇ ਐਲਾਨ ਕੀਤਾ ਕਿ ਹੁਣ ਤੱਕ 10 ਲੱਖ ਸ਼ਰਧਾਲੂ ਮੱਥਾ ਟੇਕ ਚੁੱਕੇ ਹਨ, ਜੋ ਇਕ ਰਿਕਾਰਡ ਹੈ, ਜਦੋਂ ਕਿ ਅਜੇ ਮੁੱਖ ਸਮਾਗਮਾਂ ਵਿੱਚ ਤਿੰਨ ਦਿਨ ਬਾਕੀ ਸਨ ਅਤੇ ਵੱਡੀ ਗਿਣਤੀ ਵਿੱਚ ਸੰਗਤ ਅਜੇ ਵੀ ਲਗਾਤਾਰ ਪਹੁੰਚ ਰਹੀਆ ਸਨ।

ਬਿਹਾਰ ਦੇ ਮੁੱਖ ਮੰਤਰੀ ਦਫ਼ਤਰ ਅਨੁਸਾਰ 3 ਜਨਵਰੀ ਨੂੰ ਪੰਜਾਬ, ਕੋਲਕਾਤਾ, ਉੜੀਸਾ, ਮੁੰਬਈ, ਕਾਨਪੁਰ ਵਿੱਚੋਂ ਵੱਡੀ ਗਿਣਤੀ ਵਿੱਚ ਸੰਗਤ ਪਟਨਾ ਸਾਹਿਬ ਪਹੁੰਚੀ ਹੈ। ਸੂਬਾ ਸਰਕਾਰ ਵੱਲੋਂ ਬਣਾਈਆਂ ਤਿੰਨੇ ਟੈਂਟ ਸਿਟੀ ਨੱਕੋ-ਨੱਕ ਭਰ ਗਈਆਂ ਸਨ। ਯਾਤਰੂਆਂ ਲਈ ਵਾਧੂ ਆਰਜ਼ੀ ਪ੍ਰਬੰਧ ਕੀਤੇ ਗਏ।

# ਇਕ ਹੋਰ ਇਟਾਲੀਅਨ ਗੋਰਾ ਅੰਮ੍ਰਿਤ ਛੱਕ ਕੇ ਸਿੰਘ ਸਜਿਆ

ਵੀਨਸ (ਇਟਲੀ)/ਬਿਓਰੋ

ਕਨੇਡਾ, ਅਮਰੀਕਾ ਇੰਗਲੈਂਡ ਅਤੇ ਹੋਰ ਕਈ ਯੂਰਪ ਦੇਸ਼ਾਂ ਦੇ ਜੰਮਪਲ ਗੋਰੇ-ਗੋਰੀਆਂ ਸਿੱਖ ਧਰਮ ਦੀ ਮਹਾਨਤਾ ਤੇ ਵਿਸ਼ਾਲਤਾ ਤੋਂ ਪ੍ਰਭਾਵਿਤ ਹੋ ਕੇ ਸਿੱਖੀ ਨੂੰ ਅਪਨਾ ਕੇ ਸਿੰਘ ਸਜ ਰਹੇ ਸਨ।

ਇਸੇ ਤਰ੍ਹਾਂ ਇਟਲੀ ਵਿਚ ਵੀ ਬੀਤੇ ਦਿਨ ਵੀਨਸ ਨੇੜਲੇ ਸ਼ਹਿਰ ਮਾਇਸਟਰੇ ਦੇ ਰਹਿਣ ਵਾਲੇ ਇਕ ਹੋਰ ਇਟਾਲੀਅਨ ਨੌਜਵਾਨ ਨੇ ਸਿੱਖੀ ਸਿਧਾਂਤਾਂ ਤੋਂ ਪ੍ਰਭਾਵਿਤ ਹੋ ਕੇ ਅੰਮਿਤ ਛੱਕ ਲਿਆ ਹੈ। ਇਸ ਨੌਜਵਾਨ ਨੇ ਹੁਣ ਆਪਣਾ ਨਾਂਅ ਵੀ ਬਦਲ ਕੇ ਕਰਤਾਰ ਸਿੰਘ ਖਾਲਸਾ ਰੱਖ ਲਿਆ ਹੈ ਅਤੇ ਉਹ ਪੰਜ ਕਕਾਰਾਂ ਦਾ ਧਾਰਨੀ ਹੋ ਕੇ ਸਿੱਖੀ ਪਹਿਰਾਵਾ ਪਹਿਨ ਕੇ ਅਥਾਹ ਮਾਣ ਮਹਿਸੂਸ ਕਰ ਰਿਹਾ ਹੈ।

ਇਸ ਸਬੰਧੀ ਗੱਲਬਾਤ ਕਰਦਿਆ ਕਰਤਾਰ ਸਿੰਘ ਖਾਲਸਾ ਨੇ ਦੱਸਿਆ ਕਿ ਉਹ ਦੋ ਸਾਲ ਪਹਿਲਾਂ ਵਿਚੇਸਾ ਨੇੜਲੇ ਕਾਸਤ ਲਗੌਮਬੈਰਤੋ ਅਤੇ ਲੋਨੀਗੋ ਗੁਰਦੁਆਰਿਆਂ ਵਿਚ ਗਿਆ ਸੀ। ਅੰਮ੍ਰਿਤ ਛਕਣ ਵਾਲੀ ਇਟਾਲੀਅਨ ਲੜਕੀ ਹਰਗੁਣ ਕੌਰ ਖਾਲਸਾ ਨੇ ਉਸ ਨੂੰ ਇਟਾਲੀਅਨ ਭਾਸ਼ਾ ਵਿਚ ਸਿੱਖੀ ਬਾਰੇ ਵਿਸ਼ੇਸ ਜਾਣਕਾਰੀ ਦਿੱਤੀ ਸੀ ਜਿਸ ਤੋਂ ਪ੍ਰਭਾਵਿਤ ਹੋ ਕੇ ਉਹ ਸਿੰਘ ਸਜੇ ਹਨ।

## ਮਾਤਾ ਚਰਨਜੀਤ ਕੌਰ ਦੀ ਦੂਸਰੀ ਸਲਾਨਾ ਬਰਸੀ ਸ਼ਰਧਾ ਤੇ ਸਤਿਕਾਰ ਨਾਲ ਮਨਾਈ ਗਈ



ਮੋਗਾ/ਭਾਗਵੰਤੀ ਪੁਰਬਾ

ਹੀਰਾ ਭਿੜੀ ਡਾਲਾ ਦੇ ਮੁੱਖ ਸੇਵਾਦਾਰ ਬਾਬਾ ਦਰਸਨ ਸਿੰਘ "ਹੀਰਾ ਦਾਸ"ਜੀ ਦੀ ਧਰਮ ਪਤਨੀ ਮਾਤਾ ਚਰਨਜੀਤ ਕੌਰ ਦੀ ਦੂਸਰੀ ਬਰਸੀ ਡੇਰਾ ਸੈਦੋਆਣਾ ਪਿੰਡ ਡਾਲਾ ਵਿਖੇ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਈ ਗਈ।

ਮਾਤਾ ਚਰਨਜੀਤ ਕੌਰ ਦੀ ਦੂਸਰੀ ਬਰਸੀ ਦੇ ਸਬੰਧ ਵਿੱਚ ਰੱਖੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਿਆ ਜਿਸ ਵਿੱਚ ਕਈ ਪ੍ਰਸਿਧ ਰਾਗੀਆਂ-ਢਾਡੀਆ ਨੇ ਕਥਾ ਕੀਰਤਨ ਰਾਹੀ ਸੰਗਤਾ ਨੂੰ ਨਿਹਾਲ ਕੀਤਾ ਜਾਵੇਗਾ।

ਧਾਰਮਿਕ ਦੀਵਾਨ ਦੀ ਸਮਾਪਤੀ ਤੇ ਮੌਜੂਦਾ ਮਹਾਪੁਰਖ ਮੁੱਖ ਸੇਵਾਦਾਰ ਬਾਬਾ ਦਰਸਨ ਸਿੰਘ "ਹੀਰਾ ਦਾਸ" ਜੀ ਨੇ ਆਈ ਹੋਈ ਸਮੂੰਹ ਸੰਗਤਾ ਦਾ ਧੰਨਵਾਦ ਕੀਤਾ। ਬਰਸੀ ਸਮਾਗਮ ਦੌਰਾਨ ਚਾਹ, ਪਕੌੜੇ, ਜਲੇਬੀਆ ਅਤੇ ਗੁਰੂ ਵਰ ਦਾ ਅਟੁੱਟ ਲੰਗਰ ਵਰਤਦਾ ਰਿਹਾ।

ਇਸ ਮੌਕੇ ਵੱਡੀ ਗਿਣਤੀ ਵਿੱਚ ਸਾਧ ਸੰਗਤ ਤੋਂ ਇਲਾਵਾ ਗਿਆਨੀ ਜੋਰਾ ਸਿੰਘ, ਬਸੰਤ ਸਿੰਘ, ਬੂਟਾ ਸਿੰਘ, ਗਿਆਨ ਸਿੰਘ, ਸੁੱਖਾ ਸਿੰਘ, ਸੇਵਾਦਾਰ ਹਰਮੇਲ ਸਿੰਘ ਮੇਲ, ਜੋਗਿੰਦਰ ਸਿੰਘ, ਭਵਨਦੀਪ ਸਿੰਘ ਪੁਰਬਾ, ਜਸਵੀਰ ਸਿੰਘ ਪੁੜੈਣ, ਕਮਲਜੀਤ ਸਿੰਘ ਆਦਿ ਮੁੱਖ ਤੌਰ 'ਤੇ ਹਾਜ਼ਰ ਸਨ।

## ਗੁਰਦੁਆਰਾ ਬਾਬਾ ਤੁਲਸੀ ਦਾਸ ਜੀ ਦੌਲੇਵਾਲਾ ਵਿਖੇ ਮਾਘੀ ਦਾ ਦਿਹਾੜਾ ਤੇ ਲੱਗੀਆ ਰੌਣਕਾਂ


ਗੁਰਦੁਆਰਾ ਬਾਬਾ ਤੁਲਸੀ ਦਾਸ ਦੌਲੇਵਾਲਾ ਵਿਖੇ ਮਾਘੀ ਦਾ ਦਿਹਾੜਾ ਮੌਕੇ ਅਰਦਾਸ ਕਰਦੇ ਹੋਏ ਬਾਬਾ ਅਵਤਾਰ ਸਿੰਘ ਤੇ ਹਾਜ਼ਰ ਸੰਗਤਾਂ। ਤਸਵੀਰ: ਜਸਵਿੰਦਰ ਸਿੰਘ


ਫਤਹਿਗੜ੍ਹ ਪੰਜਤੂਰ/ਜਸਵਿੰਦਰ ਸਿੰਘ

ਗੁਰਦੁਆਰਾ ਬਾਬਾ ਤੁਲਸੀ ਦਾਸ ਜੀ ਝੁੱਗੀ ਵਾਲਿਆਂ ਦੇ ਤਪ ਅਸਥਾਨ ਦੌਲੇਵਾਲਾ ਵਿਖੇ ਮੁੱਖ ਸੇਵਾਦਾਰ ਬਾਬਾ ਅਵਤਾਰ ਸਿੰਘ ਦੀ ਦੇਖ-ਰੇਖ ਹੇਠ ਮਾਘੀ ਦਾ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।

ਇਸ ਮੌਕੇ 4 ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਜਿਸ ਵਿਚ ਇਲਾਕੇ ਦੀਆਂ ਸੰਗਤਾਂ ਨੇ ਵੱਧ ਚੜ੍ਹ ਕੇ ਹਾਜ਼ਰੀ ਲਵਾਈ ਅਤੇ ਗੁਰੂ ਸਾਹਿਬ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਬਾਬਾ ਅਵਤਾਰ ਸਿੰਘ ਨੇ ਮਾਘ ਮਹੀਨੇ ਨੂੰ ਸ਼ੁੱਭ ਰੱਖਦਿਆਂ ਆਈਆਂ ਸੰਗਤਾਂ ਨੂੰ ਵਧਾਈ ਦਿੱਤੀ।

ਇਸ ਮੌਕੇ ਹੈੱਡ ਗ੍ਰੰਥੀ ਬਾਬ ਜਗਤਾਰ ਸਿੰਘ, ਸੇਵਾਦਾਰ ਬੂਟਾ ਸਿੰਘ ਸੈਕਟਰੀ, ਬਲਵਿੰਦਰ ਸਿੰਘ ਸਕੱਤਰ, ਸਰਪੰਚ ਦਵਿੰਦਰ ਸਿੰਘ, ਅੰਗਰੇਜ ਸਿੰਘ ਠੇਕੇਦਾਰ, ਡਾ ਜੋਗਿੰਦਰ ਸਿੰਘ, ਹਰਬੰਸ ਸਿੰਘ, ਡਾ: ਗੁਰਦਿਆਲ ਸਿੰਘ, ਸੇਵਦਾਰ ਪਾਲਾ ਸਿੰਘ, ਬਾਬਾ ਜੋਗਿੰਦਰ ਸਿੰਘ, ਹਰਨੇਕ ਸਿੰਘ, ਹਰਭਜਨ ਸਿੰਘ ਮੈਂਬਰ, ਹਰਜਿੰਦਰ ਸਿੰਘ ਮੈਂਬਰ, ਹਰਦੀਪ ਸਿੰਘ, ਡੋਗਰ ਸਿੰਘ, ਜਸਵੰਤ ਸਿੰਘ, ਸੂਬਾ ਸਿੰਘ, ਬਿੱਕਰ ਸਿੰਘ ਤੋਂ ਇਲਾਵਾ ਹੋਰ ਵੀ ਸੰਗਤਾਂ ਹਾਜ਼ਰ ਸਨ।

## ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਚੰਦ ਪੁਰਾਣਾ ਵਿਖੇ ਮਾਘੀ ਦਾ ਦਿਹਾੜਾ ਮਨਾਇਆ ਗਿਆ



ਬਾਘਾ ਪੁਰਾਣਾ/ ਸਾਧੂ ਸਿੰਘ ਧੰਮੂ

ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਚੰਦ ਪੁਰਾਣਾ (ਤਪ ਅਸਥਾਨ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ) ਵਿਖੇ ਮਾਘੀ ਦਾ ਪਵਿੱਤਰ ਦਿਹਾੜਾ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਦੀ ਸਰਪ੍ਰਸਤੀ ਹੇਠ ਹੋਏ ਇਸ ਸਮਾਗਮ ਵਿੱਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। ਇਸ ਮੌਕੇ ਤਿੰਨ ਸ਼੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ, ਜਿਸ ਵਿਚ ਭਾਈ ਜਸਵੀਰ ਸਿੰਘ ਅਤੇ ਭਾਈ ਸੁਖਵੰਤ ਸਿੰਘ ਸੋਢੀ ਦੇ ਰਾਗੀ ਜੱਥੇ ਵੱਲੋਂ ਰਸਭਿਨੇ ਕੀਰਤਨ ਦੁਆਰਾ ਸੰਗਤਾ ਨੂੰ ਨਿਹਾਲ ਕੀਤਾ ਗਿਆ। ਪ੍ਰਸਿੱਧ ਢਾਡੀ ਬੀਬੀ ਮਨਪ੍ਰੀਤ ਕੌਰ ਜਲੰਧਰ ਵਾਲੀਆਂ ਬੀਬੀਆਂ ਦੇ ਢਾਡੀ ਜੱਥਾ, ਸੁਖਮੰਦਰ ਸਿੰਘ ਹਮਦਰਦ ਅਤੇ ਹੋਰ ਕਈ ਢਾਡੀ ਜੱਥਿਆਂ ਨੇ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦੀਵਾਨਾ ਵਿਚ ਉਪਸਥਿਤ ਸੰਗਤਾ ਨੂੰ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਨੇ ਮਾਘ ਮਹੀਨੇ ਦੀ ਮਹੱਤਤਾ ਦੱਸਦੇ ਹੋਏ ਗੁਰੂ ਘਰ ਨਾਲ ਜੁੜਨ ਦਾ ਸੰਦੇਸ਼ ਦਿੱਤਾ।

ਇਸ ਮੌਕੇ ਡੀ.ਐੱਸ.ਪੀ. ਗੋਪਾਲ ਮੋਗਾ, ਕੁਲਦੀਪ ਸਿੰਘ ਬੀ.ਡੀ.ਪੀ.ਓ, ਸੁੱਖਾ ਸਿੰਘ, ਬਿੱਲੂ ਸਿੰਘ, ਅਮਰਜੀਤ ਸਿੰਘ, ਤਰਲੋਕ ਸਿੰਘ ਸਿੰਘਾਂ ਵਾਲਾ, ਰੂਪ ਸਿੰਘ, ਚਮਕੌਰ ਸਿੰਘ ਤਾਰੇਵਾਲਾ, ਬਿੱਟੂ ਸੰਮਤੀ ਮੈਂਬਰ ਸਿੰਘਾਂ ਵਾਲਾ, ਪਾਲ ਸਿੰਘ ਪ੍ਰਧਾਨ, ਮੇਜਰ ਸਿੰਘ, ਬਚਿੱਤਰ ਸਿੰਘ, ਬਲਦੇਵ ਸਿੰਘ, ਰਾਜੂ ਸਿੰਘ, ਜੀਤਾ ਸਿੰਘ ਜਨੇਰ, ਸਾਧੂ ਸਿੰਘ, ਧਰਮ ਸਿੰਘ, ਹਰਜਿੰਦਰ ਸਿੰਘ, ਚਮਕੌਰ ਸਿੰਘ ਇਟਲੀ, ਦਵਿੰਦਰ ਸਿੰਘ ਕੋਟਕਰੋੜ, ਗੁਰਜੀਤ ਸਿੰਘ ਲੰਗੇਆਣਾ ਤੋ ਇਲਾਵਾ ਹੋਰ ਹਜ਼ਾਰਾਂ ਸੰਗਤਾਂ ਹਾਜ਼ਰ ਸਨ।




ਗੁਰਦੁਆਰਾ ਗੁਰੂ ਨਾਨਕ ਦਰਬਾਰ ਦੇ ਮੁੱਖ ਸੇਵਾਦਾਰ ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾ ਵਾਲਿਆ ਨੂੰ ਸਨਮਾਨਿਤ ਕਰਦੇ ਹੋਏ ਪਿੰਡ ਅਤੇ ਇਲਾਕੇ ਦੀ ਸਾਧ ਸੰਗਤ ਉਨ੍ਹਾ ਦੇ ਨਾਲ ਸੇਵਾਦਾਰ ਭਾਈ ਹਰਪ੍ਰੀਤ ਸਿੰਘ ਅਤੇ ਪਤਵੰਤੇ ਸੱਜਣ 2. ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅਵਤਾਰ ਪੁਰਬ ਮੌਕੇ ਕੱਢੇ ਗਏ ਨਗਰ ਕੀਰਤਨ ਦੌਰਾਨ ਸੇਵਾਦਾਰਾ ਨੂੰ ਸਨਮਾਨਿਤ ਕਰਦੇ ਹੋਏ ਮੁੱਖ ਸੇਵਾਦਾਰ ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾ ਵਾਲੇ। (ਫੋਟੋ : ਮਨਮੋਹਨ ਸਿੰਘ ਚੀਮਾ)